# ਉਮਾ ਭਾਰਤੀ ਦੀ ਨਵੀਂ ਪਾਰਟੀ

ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤ੍ਰੀ ਅਤੇ ਬੀ.ਜੇ.ਪੀ.ਦੀ ਗਰਮਜੋਸ਼ ਲੀਡਰ ਉਮਾ ਭਾਰਤੀ, ਜਿਹਨੂੰ ਬੀ.ਜੇ.ਪੀ. ਵਿਚੋਂ ਪਿਛੇ ਜਿਹੇ ਕੱਢ ਦਿੱਤਾ ਗਿਆ ਸੀ, ਨੇ ਆਪਣੀ ਇਕ ਹੋਰ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। 30 ਅਪ੍ਰੈਲ ਨੂੰ ਇਕ ਨਵੀਂ ਪਾਰਟੀ ਬਣਾਉਣ ਦਾ ਬਨਾਰਸ ਵਿਚ ਐਲਾਨ ਕਰਦਿਆਂ ਉਮਾ ਭਾਰਤੀ ਨੇ ਕਿਹਾ ਕਿ ਬੀ.ਜੇ.ਪੀ. ਨੇ ਲੋਕਾਂ ਨੂੰ ਧੋਖਾ ਦਿਤਾ ਹੈ ਅਤੇ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ। ਉਸ ਨੇ ਇਹ ਵੀ ਕਿਹਾ ਕਿ ਬੀ.ਜੇ.ਪੀ. ਵੀ ਹੁਣ ਧਨਾਢਾਂ ਦੇ ਹੱਥਾਂ ਦੀ ਕੱਠਪੁਤਲੀ ਹੈ, ਇਸ ਨੇ ਆਪਣੇ ਅਸੂਲਾਂ ਨੂੰ ਛੱਡ ਦਿਤਾ ਹੈ, ਅਤੇ ਚੋਣਾਂ ਵਿਚ ਲੋਕਾਂ ਨਾਲ ਕੀਤੇ ਹੋਏ ਆਪਣੇ ਵਾਅਦਿਆਂ ਨੂੰ ਕੋਈ ਮਹੱਤਵ ਨਹੀਂ ਦਿੰਦੀ।

ਸੰਘ ਪਰਿਵਾਰ ਦੇ ਇਕ ਹੋਰ ਨੇਤਾ, ਪ੍ਰਬੀਨ ਤੋਗੜੀਆ, ਨੇ ਹੁਣੇ ਜਿਹੇ ਹੀ ਬੀ.ਜੇ.ਪੀ. ਨੂੰ ਸੰਘ ਪਰਿਵਾਰ `ਚੋਂ ਕੱਢਣ ਦਾ ਐਲਾਨ ਵੀ ਕੀਤਾ ਹੈ।

ਬੀ.ਜੇ.ਪੀ. ਵੀ ਹੋਰਨਾਂ ਪਾਰਟੀਆਂ ਵਾਂਗ ਹੀ ਲੋਕਾਂ ਨਾਲ ਵਾਅਦੇ ਕਰਕੇ ਜਿੱਤੀ ਤੇ ਤਾਕਤ ਵਿਚ ਆਈ ਸੀ। ਇਸ ਦਾ ਆਰਥਕ ਫਰੰਟ ਤੇ ਵੱਡਾ ਨਾਅਰਾ ਸੀ ਸਵਦੇਸ਼ੀ- ਜਿਸ ਦਾ ਮਤਲਬ ਇਹ ਸੀ ਕਿ ਦੇਸ ਦੇ ਕਾਰੋਬਾਰ ਨੂੰ ਹੀ ਤਰਜੀਹ ਦਿਤੀ ਜਾਵੇਗੀ। ਇਹਨੇ ਇਹ ਨਾਅਰਾ ਛੋਟੇ ਕਾਰੋਬਾਰ ਵਾਲੇ ਅਤੇ ਮੱਧ ਸ਼ਰੇਣੀ ਦੇ ਵੋਟ ਲੈਣ ਲਈ ਲਾਇਆ ਸੀ। ਪਰ ਕਾਂਗਰਸ ਵਾਂਗ ਹੀ ਇਸ ਦਾ ਅਸਲੀ ਅਜੰਡਾ ਵੀ ਵੱਡੇ ਸਰਮਾਏਦਾਰਾਂ ਦੀ ਸੇਵਾ ਦਾ ਹੀ ਸੀ। ਵੱਡੇ ਸਰਮਾਏਦਾਰਾਂ ਲਈ ਸਵਦੇਸ਼ੀ ਦੀ ਕੋਈ ਵੁੱਕਤ ਜਾਂ ਅਹਿਮੀਅਤ ਨਹੀਂ ਹੈ। ਇਹ ਤਾਂ ਆਪਣੇ ਮੁਨਾਫ਼ਿਆਂ ਲਈ ਬਾਹਰਲੇ ਮੁਲਕਾਂ ਦੀਆਂ ਵੱਡੀਆਂ ਕੰਪਨੀਆਂ ਨਾਲ ਮਿਲ ਕੇ ਵਿਸ਼ਵੀਕਰਨ ਦਾ ਰਾਗ ਅਲਾਪ ਰਹੇ ਹਨ। ਵੱਡੀਆਂ ਕੰਪਨੀਆਂ ਦੇ ਹਿੰਦੁਸਤਾਨ ਦੇ ਬਾਜ਼ਾਰਾਂ ਵਿਚ ਵੜਨ ਨਾਲ ਛੋਟੇ ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ ਦਾ ਘਾਣ ਹੋ ਰਿਹਾ ਹੈ ਜਿਨ੍ਹਾਂ ਦੇ ਵੋਟ ਲੈ ਕੇ ਬੀ.ਜੇ.ਪੀ. ਤਾਕਤ ਵਿਚ ਆਈ ਸੀ। ਬੀ.ਜੇ.ਪੀ. ਦੇ ਲੀਡਰਾਂ ਨੇ ਸਵਦੇਸ਼ੀ ਦਾ ਨਾਅਰਾ ਵੋਟਾਂ ਲੈਣ ਲਈ ਲਾਇਆ ਤਾਂ ਜ਼ਰੂਰ ਸੀ ਪਰ ਅਸਲ ਵਿਚ ਇਹ ਹਿੰਦੁਸਤਾਨ ਦੀ ਹਾਕਮ ਜਮਾਤਾਂ ਦਾ ਹੀ ਪੱਖ ਪੂਰਦੇ ਹਨ ਅਤੇ ਉਨ੍ਹਾਂ ਦੇ ਕਹਿਣੇ ਤੋਂ ਬਾਹਰ ਨਹੀਂ ਸੀ ਜਾ ਸਕਦੇ। ਇਸ ਕਰਕੇ ਬੀ.ਜੇ.ਪੀ. ਕੋਈ ਵੀ ਐਸਾ ਕਦਮ ਨਹੀਂ ਚੁੱਕ ਸਕੀ ਜਿਸ ਤੋਂ ਛੋਟੇ ਦੁਕਾਨਦਾਰਾਂ, ਛੋਟੇ ਵਪਾਰੀਆਂ ਤੇ ਨਿਕੇ ਨਿਕੇ ਕਾਰੋਬਾਰਾਂ ਵਾਲਿਆਂ ਨੂੰ, ਜਿਸ ਵੋਟ ਬੈਂਕ ਦੇ ਸਿਰ ਤੇ ਇਹ ਤਾਕਤ ਵਿਚ ਆਈ ਸੀ, ਇਹ ਲਗਦਾ ਕਿ ਉਹ ਇਨ੍ਹਾਂ ਲਈ ਵੀ ਕੁਝ ਕਰ ਰਹੀ ਹੈ। ਇਹ ਲੀਡਰ ਹਾਕਮ ਜਮਾਤਾਂ ਦੇ ਅਜੰਡੇ ਦੇ ਇਲਾਵਾ ਕੁਝ ਹੋਰ ਕਰ ਹੀ ਨਹੀਂ ਸਕਦੇ। ਇਸ ਲਈ ਪਿਛਲੇ ਕੁਝ ਸਾਲਾਂ ਤੋਂ ਬੀ.ਜੇ.ਪੀ. ਵਿਚ ਕਾਫ਼ੀ ਫੁਟ ਪਈ ਹੋਈ ਹੈ। ਇਸੇ ਫੁਟ ਕਰਕੇ ਹੀ ਉਮਾ ਭਾਰਤੀ ਨੂੰ ਬੀ.ਜੇ.ਪੀ. ਵਿਚੋਂ ਕੱਢ ਦਿਤਾ ਗਿਆ ਸੀ।

ਉਮਾ ਭਾਰਤੀ ਕਹਿੰਦੀ ਹੈ ਕਿ ਉਸ ਨੂੰ ਬੀ.ਜੇ.ਪੀ. ਤੇ ਇਸ ਗੱਲ ਦਾ ਗੁੱਸਾ ਹੈ ਕਿ ਇਸ ਨੇ ਆਪਣੇ ਕੀਤੇ ਹੋਏ ਵਾਅਦੇ ਪੂਰੇ ਨਹੀਂ ਕੀਤੇ। ਲੇਕਿਨ ਇਹ ਕੋਈ ਨਵੀਂ ਗੱਲ ਤੇ ਨਹੀਂ ਕਿ ਤਾਕਤ ਵਿਚ ਆ ਕੇ ਕਿਸੇ ਸਿਆਸੀ ਪਾਰਟੀ ਨੇ ਲੋਕਾਂ ਨਾਲ ਕੀਤੇ ਵਾਅਦੇ ਨਾ ਨਿਭਾਏ ਹੋਣ। ਇਹ ਤਾਂ ਪਾਰਟੀ ਰਾਜ ਦੀ, ਇਸ ਸਿਆਸੀ ਪ੍ਰਣਾਲੀ ਦੀ, ਅਤੇ ਲਿਬਰਲ ਡੈਮੋਕ੍ਰੇਸੀ ਦੀ ਇਕ ਵੱਡੀ ਖ਼ਾਸੀਅਤ ਹੈ ਕਿ ਲੋਕਾਂ ਦੀਆਂ ਵੋਟਾਂ ਲੈਣ ਲਈ ਜਿਹੜਾ ਵੀ ਵਾਅਦਾ ਕਰਨਾ ਪਵੇ ਜ਼ਰੂਰ ਕਰੋ ਪਰ ਪੂਰਾ ਕੋਈ ਨਹੀਂ ਕਰਨਾ। ਹਰੇਕ ਪਾਰਟੀ ਹੀ ਇਸ ਤਰ੍ਹਾਂ ਕਰਦੀ ਆਈ ਹੈ ਤੇ ਕਰਦੀ ਰਹੇਗੀ, ਅਤੇ ਉਮਾ ਭਾਰਤੀ ਦੀ ਨਵੀਂ ਪਾਰਟੀ ਦਾ ਹਸ਼ਰ ਵੀ ਇਹੋ ਹੀ ਹੋਣਾ ਹੈ। ਇਹ ਸਿਆਸੀ ਪਾਰਟੀਆਂ ਚੋਣਾਂ ਵੇਲੇ ਹਰ ਤਰ੍ਹਾਂ ਦੇ ਵਾਅਦੇ ਕਰਦੀਆਂ ਹਨ ਪਰ ਇਕ ਵਾਰ ਤਾਕਤ ਵਿਚ ਆ ਕੇ ਇਨ੍ਹਾਂ ਵਾਅਦਿਆਂ ਵੱਲ ਕੋਈ ਤਵੱਜੋ ਨਹੀਂ ਦਿਤੀ ਜਾਂਦੀ। ਇਸ ਪ੍ਰਣਾਲੀ ਅੰਦਰ ਲੋਕਾਂ ਨੂੰ ਤਾਂ ਸਿਰਫ਼ ਵੋਟ ਪਾਉਣ ਵਾਲਾ ਇੱਜੜ ਹੀ ਸਮਝਿਆ ਜਾਂਦਾ ਹੈ। ਭਾਵੇਂ ਕੋਈ ਵੀ ਪਾਰਟੀ ਜਿੱਤੇ ਚੋਣਾਂ ਵਿਚ ਕੀਤੇ ਹੋਏ ਵਾਅਦੇ ਕਦੇ ਵੀ ਪੂਰੇ ਨਹੀਂ ਕੀਤੇ ਜਾਂਦੇ। ਕਾਂਗਰਸ 1947 ਤੋਂ ਹੀ ਲੋਕਾਂ ਨਾਲ ਇਹੋ ਜਿਹੇ ਵਾਅਦੇ ਕਰਦੀ ਆਈ ਹੈ। ਬੀ.ਜੇ.ਪੀ. ਨੇ ਵੀ ਇਹੋ ਜਿਹੇ ਹੀ ਵਾਅਦੇ ਕੀਤੇ ਸਨ। ਸੀ.ਪੀ. ਆਈ.(ਐਮ) ਨੇ ਵੀ ਇਹੋ ਜਿਹੇ ਵਾਅਦੇ ਕੀਤੇ ਹਨ। ਅਕਾਲੀ ਦਲ ਅਤੇ ਹੋਰ ਸੂਬਾਈ ਪਾਰਟੀਆਂ ਵੀ ਚੋਣਾਂ ਵੇਲੇ ਬਥੇਰੇ ਵਾਅਦੇ ਕਰਦੀਆਂ ਹਨ ਪਰ ਅਮਲ ਵਿਚ ਕੁਝ ਵੀ ਨਹੀਂ ਹੁੰਦਾ। ਲੋਕਾਂ ਦੇ ਮਸਲੇ ਉੱਥੇ ਦੇ ਉੱਥੇ ਹੀ ਰਹਿੰਦੇ ਹਨ। ਆਜ਼ਾਦੀ ਦੇ 60 ਸਾਲਾਂ ਬਾਅਦ ਵੀ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਵੀ ਨਹੀਂ ਮਿਲਦਾ ਅਤੇ ਉਹ ਭੁੱਖ ਅਤੇ ਗੁਰਬਤ ਦੇ ਸ਼ਿਕਾਰ ਹਨ, ਹੋਰ ਵਾਅਦੇ ਇਨ੍ਹਾਂ ਨੇ ਕੀ ਪੂਰੇ ਕਰਨੇ ਹਨ?

ਉਮਾ ਭਾਰਤੀ ਦੀ ਨਵੀਂ ਪਾਰਟੀ ਵੀ ਛੋਟੇ ਦੁਕਾਨਦਾਰਾਂ, ਛੋਟੇ ਵਪਾਰੀਆਂ, ਛੋਟੇ ਕਾਰੋਬਾਰਾਂ ਵਾਲਿਆਂ, ਅਤੇ ਆਮ ਲੋਕਾਂ ਲਈ ਕੁਝ ਨਹੀਂ ਕਰ ਸਕੇਗੀ। ਇਹ ਪਾਰਟੀ ਸਿਸਟਮ ਦਾ ਰਾਜ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਅਤੇ ਹਾਕਮ ਜਮਾਤਾਂ ਦੇ ਪੱਖ ਵਿਚ ਫੈਸਲੇ ਕਰਨ ਦਾ ਰਾਜ ਹੈ। ਇਹ ਲੋਕਾਂ ਤੋਂ ਉਨ੍ਹਾਂ ਦੀ ਤਾਕਤ ਖੋਹਣ ਦਾ ਇਕ ਹਥਿਆਰ ਹੈ। ਇਸੇ ਲਈ ਲੋਕਾਂ ਦਾ ਕੁਝ ਨਹੀਂ ਬਣਦਾ ਭਾਵੇ ਕੋਈ ਵੀ ਪਾਰਟੀ ਤਾਕਤ ਵਿਚ ਹੋਵੇ ਜਾਂ ਵਿਰੋਧ ਵਿਚ ਹੋਵੇ।

ਲੋਕਾਂ ਦਾ ਤਾਂ ਇਸ ਪਾਰਟੀ ਰਾਜ ਦੀ ਸਿਆਸੀ ਪ੍ਰਣਾਲੀ ਨੂੰ ਖ਼ਤਮ ਕਰਕੇ ਤੇ ਇਕ ਨਵੀਂ ਸਿਆਸੀ ਪ੍ਰਣਾਲੀ ਕਾਇਮ ਕਰਕੇ ਹੀ ਕੁਝ ਬਣ ਸਕਦਾ ਹੈ। ਮੌਜੂਦਾ ਸਿਆਸੀ ਪਰਣਾਲੀ ਲੋਕਾਂ ਨੂੰ ਤਾਕਤ ਵਿਚ ਲਿਆਉਣ ਲਈ ਨਹੀਂ ਬਲਕਿ ਲੋਕਾਂ ਨੂੰ ਤਾਕਤ ਤੋਂ ਦੂਰ ਰੱਖਣ ਦਾ ਇਕ ਵਸੀਲਾ ਹੈ। ਸਿਆਸੀ ਪਾਇਰਟੀਆਂ ਹਰ ਤਰ੍ਹਾਂ ਦੇ ਫਰੇਬ ਵਰਤ ਕੇ ਲੋਕਾਂ ਤੋਂ ਵੋਟਾਂ ਲੈ ਲੈਦੀਆਂ ਹਨ ਤੇ ਰਾਜ ਭਾਗ ਹੜੱਪ ਜਾਂਦੀਆਂ ਹਨ, ਅਤੇ ਲੋਕ ਅਗਲੇ ਪੰਜ ਸਾਲ ਲਈ ਫਿਰ ਗੁਠੇ ਲਾ ਦਿੱਤੇ ਜਾਂਦੇ ਹਨ। ਪਾਰਟੀ ਰਾਜ ਦੀ ਥਾਂ ਤੇ ਲੋਕਾਂ ਨੂੰ ਸਿੱਧੀ ਜਮਹੂਰੀਅਤ ਅਤੇ ਪ੍ਰਜਾ ਰਾਜ ਕਾਇਮ ਕਰਨ ਦੀ ਲੋੜ ਹੈ ਜਿਸ ਰਾਹੀਂ ਉਹ ਸਾਰੇ ਫੈਸਲੇ ਆਪ ਹੀ ਕਰਨ। ਇਹ ਕੰਮ ਕਿਸੇ ਵੀ ਸਿਆਸੀ ਪਾਰਟੀ ਅਤੇ ਉਸ ਦੇ ਲੀਡਰਾਂ ਦੇ ਹੱਥ ਵਿਚ ਦੇ ਛੱਡਣ ਨਾਲ ਲੋਕਾਂ ਦਾ ਕੁਝ ਨਹੀਂ ਸੌਰਦਾ। ਲਿਬਰਲ ਡੈਮੋਕ੍ਰੇਸੀ ਤਾਂ ਦੁਨੀਆ ਵਿਚ ਹਰ ਥਾਂ ਤੇ ਇਹੋ ਕੁਝ ਕਰ ਰਹੀ ਹੈ। ਇਹ ਹਾਕਮ ਜਮਾਤਾਂ ਦਾ ਹੀ ਪੱਖ ਪੂਰਦੀ ਹੈ ਆਮ ਲੋਕਾਂ ਦਾ ਨਹੀਂ। ਤਾਰੀਖ਼ ਦੀ ਲੋੜ ਇਕ ਨਵੀਂ ਸਿਆਸੀ ਪ੍ਰਣਾਲੀ ਦੀ ਲੋੜ ਹੈ।